ਦਫਤਰ ਸਹਾਇਕ ਰਿਟਰਨਿੰਗ ਅਫਸਰ
091 ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.)-ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
ਦਫਤਰ:- ਕਮਰਾ ਨੰ: 242-ਈ, ਪਹਿਲੀ ਮੰਜਿਲ, ਮਿੰਨੀ ਸਕੱਤਰੇਤ, ਬਠਿੰਡਾ।
email:-ero-91@punjab.gov.in & erobhuchomandi91@gmail.com

ਜਿੰਮੇਵਾਰ ਬਣੋ, ਵੋਟਰ ਬਣੋ

ਜਿੰਮੇਵਾਰ ਬਣੋ, ਵੋਟਰ ਬਣੋ

ਪੱਤਰ ਨੰ: ਚੋਣਾਂ-2024/ 523

ਮਿਤੀ: 04/04/2024

ਵੱਲ,

1. ਜਿਲ੍ਹਾ ਸਿੱਖਿਆ ਅਫਸਰ, (ਸਕੈਂ.), ਬਠਿੰਡਾ
2. ਜਿਲ੍ਹਾ ਸਿੱਖਿਆ ਅਫਸਰ, (ਐਲੀ.), ਬਠਿੰਡਾ
3. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਬਠਿੰਡਾ/ਗੋਨਿਆਣਾ/ਫੂਲ/ਨਥਾਣਾ
4. ਮੁੱਖ ਖੇਤੀਬਾੜੀ ਅਫਸਰ, ਬਠਿੰਡਾ
5. ਭੂਮੀ ਰੱਖਿਆ ਅਫਸਰ, ਬਠਿੰਡਾ
6. ਸੀਨੀਅਰ ਮੈਡੀਕਲ ਅਫਸਰ, ਨਥਾਣਾ/ਗੋਨਿਆਣਾ
7. ਕਾਰਜ ਸਾਧਕ ਅਫਸਰ, ਨਗਰ ਕੌਂਸਲ, ਭੁੱਚੋ ਮੰਡੀ/ ਗੋਨਿਆਣਾ/ਰਾਮਪੁਰਾ
8. ਕਾਰਜ ਸਾਧਕ ਅਫਸਰ, ਨਗਰ ਪੰਚਾਇਤ, ਨਥਾਣਾ/ਲਹਿਰਾ ਮੁਹੱਬਤ
9. ਸਕੱਤਰ ਮਾਰਕਿਟ ਕਮੇਟੀ, ਬਠਿੰਡਾ/ਗੋਨਿਆਣਾ/ਭੁੱਚੋ/ਨਥਾਣਾ
10. ਪ੍ਰਿੰਸੀਪਲ,ਸਰਕਾਰੀ ਬਹੁਤਕਨੀਕੀ ਕਾਲਜ, ਬਠਿੰਡਾ
11. ਸਰਕਾਰੀ ਆਈ.ਟੀ.ਆਈ.,ਬਠਿੰਡਾ
12. ਜਿਲ੍ਹਾ ਸਿੱਖਿਆ ਅਫਸਰ, (ਸਕੈਂ.),ਸ੍ਰੀ ਮੁਕਤਸਰ ਸਾਹਿਬ,ਬਰਨਾਲਾ,ਫਰੀਦਕੋਟ
13. ਜਿਲ੍ਹਾ ਮੰਡੀ ਅਫਸਰ, ਬਠਿੰਡਾ ( ਦੋਨੋਂ )
14. ਜਿਲ੍ਹਾ ਖੁਰਾਕ ਸਪਲਾਈ ਅਤੇ ਕੰਟਰੋਲਰ, ਬਠਿੰਡਾ
15. ਡਾਇਰੈਕਟਰ, ਹਾਊਸਫੈਡ, ਬਠਿੰਡਾ
16. ਕਾਰਜਕਾਰੀ ਇੰਜਨੀਅਰ, ਜਸਸ, ਮੰਡਲ ਨੰ:1/2, ਬਠਿੰਡਾ
17. ਕਾਰਜਕਾਰੀ ਇੰਜਨੀਅਰ, ਪੀ.ਡਬਲਯੂ.ਆਰ.ਐਮ.ਡੀ.ਸੀ, ਡਵੀਜ਼ਨ ਨੰ: 7, ਬਠਿੰਡਾ
18. ਕਾਰਜਕਾਰੀ ਇੰਜਨੀਅਰ, ਪੀ.ਡਬਲਯੂ.ਡੀ. (ਬੀ ਐਂਡ ਆਰ), ਪ੍ਰਾਂਤਕ ਡਵੀਜ਼ਨ, ਬਠਿੰਡਾ
19. ਕਾਰਜਕਾਰੀ ਇੰਜਨੀਅਰ, ਪੀ.ਡਬਲਯੂ.ਡੀ. (ਬੀ ਐਂਡ ਆਰ), ਡਵੀਜ਼ਨ ਨੰ: 2, ਬਠਿੰਡਾ
20. ਕਾਰਜਕਾਰੀ ਇੰਜਨੀਅਰ, ਪੀ.ਡਬਲਯੂ.ਡੀ. (ਬੀ ਐਂਡ ਆਰ), ਸੈਂਟਰਲ ਵਰਕਸ, ਬਠਿੰਡਾ
21. ਕਾਰਜਕਾਰੀ ਇੰਜਨੀਅਰ, ਕੈਨਾਲ ਲਾਈਨਿੰਗ ਸਰਕਲ, ਮੰਡਲ ਨੰ: 2, ਬਠਿੰਡਾ

ਵਿਸ਼ਾ:- ਲੋਕ ਸਭਾ ਚੋਣਾਂ- 2024:- ਬੀ.ਐਲ.ਓਜ. ਨੂੰ ਚੋਣ ਡਿਊਟੀ ਲਈ ਦਫਤਰੀ/ਸਕੂਲ ਦੇ ਕੰਮ ਤੋਂ ਫਾਰਗ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਲੋਕ ਸਭਾ ਚੋਣਾਂ-2024 ਦਾ ਕੰਮ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ। ਇਸ ਲਈ ਬੀ.ਐਲ.ਓ. ਨੂੰ ਵੋਟਾਂ ਦਾ ਕੰਮ ਕਰਨ ਲਈ ਡੋਰ ਟੂ ਡੋਰ ਜਾਣਾ ਪੈਂਦਾ ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਕੰਮ ਕਰਦੇ ਅਧਿਕਾਰੀ/ਕਰਮਚਾਰੀ ਜਿਨ੍ਹਾਂ ਦੀ ਚੋਣ ਡਿਊਟੀ ਇਸ ਹਲਕਾ ਅਧੀਨ ਲੱਗੀ ਹੋਈ ਹੈ, ਉਨ੍ਹਾਂ ਨੂੰ ਚੋਣਾਂ ਦੇ ਕੰਮ ਨੂੰ ਪੂਰਾ ਕਰਨ ਲਈ ਅਗਲੇ ਹੁਕਮਾਂ ਤੱਕ ਹਰੇਕ ਮੰਗਲਵਾਰ, ਵੀਰਵਾਰ ਅਤੇ ਸ਼ਨੀਵਾਰ ਨੂੰ ਦਫਤਰੀ/ ਸਕੂਲ ਦੇ ਕੰਮ ਤੋਂ ਫਾਰਗ ਕੀਤਾ ਜਾਵੇ।

ਇਸ ਤੋਂ ਇਲਾਵਾ ਸਿੱਖਿਆ ਵਿਭਾਗ ਨਾਲ ਸਬੰਧਤ ਜੇਕਰ ਕਿਸੇ ਸਕੂਲ ਵਿੱਚ ਦੋ ਅਧਿਆਪਕਾਂ ਦੀ ਡਿਊਟੀ ਬਤੌਰ ਬੀ.ਐਲ.ਓ. ਲੱਗੀ ਹੋਈ ਹੈ ਤਾਂ ਉਹ ਆਪਣਾ ਰੋਸਟਰ ਬਣਾ ਲੈਣ ਤਾਂ ਜੋ ਸਕੂਲ ਨੂੰ ਖਾਲੀ ਨਾ ਛੱਡਿਆ ਜਾਵੇ ਅਤੇ ਜੇਕਰ ਕਿਸੇ ਸਕੂਲ ਵਿੱਚ ਇਕ ਹੀ ਅਧਿਆਪਕ ਹੈ ਅਤੇ ਉਹ ਵੀ ਬੀ.ਐਲ.ਓ. ਲੱਗਿਆ ਹੋਇਆ ਹੈ ਤਾਂ ਜਿਲ੍ਹਾ ਸਿੱਖਿਆ ਅਫਸਰ ਨੂੰ ਲਿਖਿਆ ਜਾਂਦਾ ਹੈ ਕਿ ਸਬੰਧਤ ਬੀ.ਪੀ.ਈ.ਓ. ਨੂੰ ਹਦਾਇਤ ਕੀਤੀ ਜਾਵੇ ਕਿ ਉਹ ਸਕੂਲ ਵਿੱਚ ਅਧਿਆਪਕ ਦਾ ਇੰਤਜਾਮ ਕਰਨ ਦੇ ਜਿੰਮੇਵਾਰ ਹੋਣਗੇ ਤਾਂ ਜੋ ਲੋਕ ਸਭਾ ਚੋਣਾਂ ਦਾ ਕੰਮ ਨੂੰ ਨਿਰਵਿਘਨ ਨੇਪਰੇ ਚਾੜਿਆ ਜਾ ਸਕੇ।

ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਸਹਾਇਕ ਰਿਟਰਨਿੰਗ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਮਿਤੀ: 04/04/2024

ਪਿੱਠ ਅੰਕਣ ਨੰ: 524- 26

ਉਪਰੋਕਤ ਦਾ ਉਤਾਰਾ:-

1) ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2) ਸਮੂਹ ਸੁਪਰਵਾਈਜ਼ਰ, 091- ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਬੀ.ਐਲ.ਓਜ ਨਾਲ ਤਾਲਮੇਲ ਕਰਕੇ ਉਨ੍ਹਾਂ ਪਾਸੋਂ ਰੋਜਾਨਾਂ ਸ਼ਾਮ 4 ਵਜੇ ਕੀਤੇ ਗਏ ਕੰਮ ਦੀ ਰਿਪੋਰਟ ਪ੍ਰਾਪਤ ਕਰਕੇ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।
3) ਸਮੂਹ ਬੀ.ਐਲ.ਓਜ, 091- ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਬੂਥ ਵਿੱਚ ਡੋਰ ਟੂ ਡੋਰ ਸਰਵੇ ਕੀਤਾ ਜਾਵੇ ਕਿ ਯੋਗਤਾ ਮਿਤੀ 01.04.2024 ਅਧਾਰ ਤੇ ਜੇਕਰ ਕਿਸੇ ਨੌਜਵਾਨ ਦੀ ਵੋਟ ਰਜਿਸਟਰ ਕਰਨ ਯੋਗ ਹੈ ਤਾਂ ਉਨ੍ਹਾਂ ਦਾ ਫਾਰਮ 6 ਤੁਰੰਤ ਭਰਿਆ ਜਾਵੇ ਤਾਂ ਜੋ ਕੋਈ ਵੀ ਵੋਟ ਰਜਿਸਟ੍ਰੇਸ਼ਨ ਤੋਂ ਵਾਂਝਾ ਨਾ ਰਹਿ ਜਾਵੇ। ਇਸ ਤੋਂ ਇਲਾਵਾ ਫਾਰਮ 12 ਡੀ. ਦੀ ਰਿਪੋਰਟ ਵੀ ਰੋਜਾਨਾਂ ਬਾਅਦ ਦੁਪਹਿਰ 3 ਵਜੇ ਆਪਣੇ ਸੁਪਰਵਾਈਜਰ ਸਾਹਿਬਾਨ ਨੂੰ ਮੁਹੱਈਆ ਕਰਵਾਈ ਜਾਵੇ।

ਸਹਾਇਕ ਰਿਟਰਨਿੰਗ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

**ਪਿਠ ਅੰਕਣ ਨੰ :ਜੀ-4/1 ( )2024** / 4098 **ਮਿਤੀ:** 05/04/2024

**ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।**

5/4/24

ਜ਼ਿਲ੍ਹਾ ਸਿੱਖਿਆ ਅਫਸਰ